# ਵਰਲਡ ਪੰਜਾਬੀ ਟਾਈਮਜ਼
## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 22 ਜਨਵਰੀ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੈਸੇਫਿਕ ਅਕੈਡਮੀ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 22 ਜਨਵਰੀ : ਸਰੀ ਸਥਿਤ ਪੈਸੇਫਿਕ ਅਕੈਡਮੀ ਸਕੂਲ ਦੇ ਗਿਆਰਵੀਂ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਡਜ਼ੂਰਾ ਨਾਲ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪ੍ਰਧਾਨ ਬਲਵੀਰ ਸਿੰਘ ਚਾਨਾ ਅਤੇ ਮੀਡੀਆ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਅਤੇ ਸਿੱਖ ਧਰਮ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਜਗਿਆਸਾ ਪ੍ਰਗਟ ਰਕਦਿਆਂ ਵਾਰੋ ਵਾਰੀ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪੋ ਆਪਣੇ ਸੁਆਲ ਵੀ ਪੁੱਛੇ।



ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਕੂਲ ਇਕ ਪ੍ਰਾਈਵੇਟ ਸਕੂਲ ਹੈ ਅਤੇ ਇਸ ਦੇ ਅਧਿਆਪਕ ਕਰਿਸ ਵੈਨਡਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲੈ ਕੇ ਆਉਂਦੇ ਹਨ ਤਾਂ ਜੋ ਵਿਦਿਆਰਥੀ ਆਪਣੇ ਆਂਢ ਗੁਆਂਢ ਦੇ ਲੋਕਾਂ ਦੇ ਸਭਿਆਚਾਰ ਅਤੇ ਧਰਮ ਤੋਂ ਵਾਕਿਫ਼ ਹੋ ਸਕਣ। ਵਿਦਿਆਰਥੀਆਂ ਦੇ ਇਸ ਗਰੁੱਪ ਵਿੱਚੋਂ ਬਹੁਤੇ ਵਿਦਿਆਰਥੀ ਪਹਿਲੀ ਵਾਰ ਹੀ ਕਿਸੇ ਗੁਰਦੁਆਰਾ ਸਾਹਿਬ ਵਿਚ ਆਏ ਸਨ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਬੜੇ ਹੀ ਆਦਰ ਸਤਿਕਾਰ ਨਾਲ ਲੰਗਰ ਦੀ ਸੇਵਾ ਨਿਭਾਈ। ਅਧਿਆਪਕ ਕਰਿਸ ਵੈਨਡਜ਼ੂਰਾ ਅਤੇ ਵਿਦਿਆਰਥੀਆਂ ਨੇ ਲੰਗਰ ਛਕਣ ਉਪਰੰਤ ਵਿਦਾਇਗੀ ਲੈਂਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

## ਅਸਲ ਸਿੱਖਿਆ ਹਰ ਚੁਣੌਤੀ ਦਾ ਸਾਹਮਣਾ ਕਰਨਾ ਸਿਖਾਉਂਦੀ ਹੈ : ਡਾ. ਦੇਵਿੰਦਰ ਸੈਫ਼ੀ

### 'ਵਿਦਿਆਰਥੀ, ਸਿੱਖਿਆ ਅਤੇ ਦਰਪੇਸ਼ ਚੁਣੌਤੀਆਂ' ਵਿਸ਼ੇ 'ਤੇ ਭਾਵਪੂਰਕ ਸੈਮੀਨਾਰ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 22 ਜਨਵਰੀ : ਆਪਣਾ ਸਿਲੇਬਸ ਪੂਰਾ ਕਰਨਾ, ਪੇਪਰ ਦੇਣੇ ਤੇ ਸਰਟੀਫਿਕੇਟ ਪ੍ਰਾਪਤ ਕਰਨੇ ਹੀ ਸਿੱਖਿਆ ਦਾ ਅਸਲ ਮਕਸਦ ਨਹੀ ਹੈ, ਬਲਕਿ ਸਿੱਖਿਆ ਸਾਡੇ ਸਰੀਰ, ਮਨ ਅਤੇ ਦਿਮਾਗ ਦਾ ਸੰਪੂਰਨ ਵਿਕਾਸ ਕਰਾਉਂਦੀ ਹੈ। ਜ਼ਿੰਦਗੀ ਦੀ ਹਰ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਕਰਦੀ ਹੈ। ਜਿਹੜੀ ਸੰਸਥਾ ਇਹ ਕਾਰਜ ਪੂਰਾ ਨਹੀਂ ਕਰਦੀ, ਉਹ ਕੋਈ ਕਾਰੋਬਾਰੀ ਸੰਸਥਾ ਹੋ ਸਕਦੀ ਹੈ, ਸਿੱਖਿਆ ਸੰਸਥਾ ਨਹੀ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਦੇ ਪ੍ਰਸਿੱਧ ਸ਼ਾਇਰ, ਆਲੋਚਕ ਅਤੇ ਚਿੰਤਕ ਡਾ. ਦੇਵਿੰਦਰ ਸੈਫ਼ੀ ਨੇ ਦਸਮੇਸ਼ ਮਾਡਰਨ ਸਕੂਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦਿਆ ਕੀਤਾ। ਜ਼ਿਕਰਯੋਗ ਹੈ ਕਿ ਸੰਸਥਾ ਵਿਖੇ ''ਵਿਦਿਆਰਥੀ, ਸਿੱਖਿਆ ਅਤੇ ਦਰਪੇਸ਼ ਚੁਣੌਤੀਆਂ'' ਵਿਸ਼ੇ 'ਤੇ ਭਾਵਪੂਰਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਤਹਿਤ ਡਾ. ਦੇਵਿੰਦਰ ਸੈਫ਼ੀ ਨੇ ਨਿਵੇਕਲੇ ਅਤੇ ਸਰਲ ਅੰਦਾਜ਼ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਕਿ ਸਿੱਖਿਆ ਦਾ ਅਸਲ ਮੰਤਵ ਹੀ ਸਾਡਾ ਅੰਦਰੂਨੀ ਅਤੇ ਬਾਹਰੀ ਵਿਕਾਸ ਕਰਨਾ ਹੈ। ਜਿੱਥੇ ਚੰਗੀ ਸਿੱਖਿਆ ਸਾਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਂਦੀ ਹੈ, ਉੱਥੇ ਸਾਨੂੰ ਜ਼ਿੰਦਗੀ ਜਿਉਣ ਦੇ ਸਲੀਕੇ ਪ੍ਰਤੀ ਸੁਚੇਤ ਕਰਕੇ, ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਿਲ ਬਣਾਉਂਦੀ ਹੈ। ਉਹਨਾਂ ਅਧਿਆਪਕ ਵਰਗ ਨੂੰ ਅਪੀਲ ਕੀਤੀ ਕਿ ਉਪਰੋਕਤ ਮੰਤਵਾਂ ਦੀ ਪੂਰਤੀ ਲਈ ਕਿਤਾਬੀ ਸਿੱਖਿਆ ਦੇ ਨਾਲ-ਨਾਲ ਵਿਹਾਰਕ ਸਿੱਖਿਆ ਪ੍ਰਤੀ ਵੀ ਯਤਨਸ਼ੀਲ ਹੋਣਾ ਪਵੇਗਾ। ਉਹਨਾਂ ਕਿਹਾ ਕਿ ਜੇਕਰ ਅਸੀਂ ਵਿਦਿਆਰਥੀ ਵਰਗ ਨੂੰ ਕੌਮ ਦੇ ਅਸਲੀ ਹੀਰੋ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦੇ, ਭਗਤ ਸਿੰਘ, ਊਧਮ ਸਿੰਘ, ਬਾਬਾ ਫ਼ਰੀਦ ਆਦਿ ਵਰਗੀਆਂ ਸ਼ਖਸੀਅਤਾਂ ਤੋਂ ਸੇਧ ਲੈਣ ਲਈ ਪ੍ਰੇਰਿਤ ਕਰਾਂਗੇ ਤਾਂ ਸਹਿਜੇ ਹੀ ਸਮਾਜਿਕ ਕੁਰੀਤੀਆਂ ਤੋਂ ਨਿਜਾਤ ਪਾ ਸਕਾਂਗੇ ਅਤੇ ਸੰਤੁਲਿਤ ਤੇ ਆਦਰਸ਼ ਸਮਾਜ ਦਾ ਨਿਰਮਾਣ ਕਰ ਸਕਾਂਗੇ। ਪ੍ਰਿੰਸੀਪਲ ਡਾ. ਵੀਰਪਾਲ ਕੌਰ ਨੇ ਆਏ ਮਹਿਮਾਨ ਦਾ ਰਸਮੀ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਬੁੱਧੀਜੀਵੀਆਂ ਦਾ ਪਰਛਾਵਾਂ ਅੱਜ ਦੇ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਹੈ ਅਤੇ ਉਹਨਾਂ ਨੂੰ ਸੂਖਮ ਕੁਸ਼ਲਤਾਵਾਂ ਨਾਲ ਭਰਪੂਰ ਕਰੇਗਾ। ਉਹਨਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਅਕਾਦਮਿਕ, ਨਿੱਜੀ ਸਮੱਸਿਆਵਾਂ ਅਤੇ ਰੁਚੀਆਂ ਲਈ ਅਜਿਹੇ ਵਿੱਦਿਅਕ ਸੈਮੀਨਾਰ ਮਹੱਤਵਪੂਰਨ ਹਨ। ਚੇਅਰਮੈਨ ਕਰਨਵੀਰ ਸਿੰਘ ਧਾਲੀਵਾਲ ਨੇ ਮੁੱਖ ਵਕਤਾ ਡਾ. ਦੇਵਿੰਦਰ ਸੈਫ਼ੀ ਦਾ ਧੰਨਵਾਦ ਕਰਦਿਆਂ, ਉਹਨਾਂ ਦੀ ਸਿੱਖਿਆ ਅਤੇ ਸਾਹਿਤ ਨੂੰ ਦਿੱਤੀ ਦੇਣ ਦੀ ਸ਼ਲਾਘਾ ਕੀਤੀ। ਉਹਨਾਂ ਆਸ ਜਤਾਈ ਕਿ ਨਿਸ਼ਚੇ ਹੀ ਵਿਦਿਆਰਥੀ ਡਾ. ਸੈਫ਼ੀ ਵੱਲੋਂ ਦਿੱਤੀਆਂ ਸੇਧਾਂ 'ਤੇ ਅਮਲ ਕਰਦਿਆਂ, ਆਪਣੇ ਰਾਹਾਂ ਨੂੰ ਰੁਸ਼ਨਾਉਣਗੇ। ਉਨ੍ਹਾਂ ਨੇ ਸੈਮੀਨਾਰ ਦੇ ਸਫਲ ਆਯੋਜਨ ਲਈ ਪ੍ਰਿੰਸੀਪਲ ਡਾ. ਵੀਰਪਾਲ ਕੌਰ, ਵਾਈਸ ਪ੍ਰਿੰਸੀਪਲ ਵਿਜੈ ਕੁਮਾਰ, ਮੈਡਮ ਕਰਮਜੀਤ ਕੌਰ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਵਿਦਿਆਰਥਣ ਕੋਮਲਜੋਤ ਕੌਰ ਨੇ ਬਾਖੂਬੀ ਨਿਭਾਈ।

## ਮੀਟਿੰਗ ਦੌਰਾਨ ਸੜਕ ਦਾ ਨਾਂਅ 'ਦੀਪਕ ਜੈਤੋਈ ਮਾਰਗ' ਰੱਖਣ ਦੀ ਕੀਤੀ ਗਈ ਮੰਗ

### ਮਹੀਨਾਵਾਰੀ ਮੀਟਿੰਗ ਵਿੱਚ 'ਅਦੀਬਾਂ' ਨੇ ਬਿਖੇਰੇ ਸ਼ਾਇਰੀ ਦੇ ਰੰਗ

ਵਰਲਡ ਪੰਜਾਬੀ ਟਾਈਮਜ਼

ਜੈਤੋ, 22 ਜਨਵਰੀ : ਦੀਪਕ ਜੈਤੋਈ ਨੇ ਸਥਾਨਕ ਬਠਿੰਡਾ ਰੋਡ ਸਥਿੱਤ ਕਾਲੋਨੀ ਵਿਖੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੇ ਘਰ ਨੂੰ ਜਾਣ ਵਾਲੇ ਮਾਰਗ ਦਾ ਨਾਂਅ ਦੀਪਕ ਜੈਤੋਈ ਮਾਰਗ ਰੱਖਣ ਦੀ ਮੰਗ ਕੀਤੀ ਹੈ। ਇਹ ਮੰਗ ਕਰਜਾ ਇਕ ਮਤਾ ਮੰਚ ਦੀ ਇੱਥੇ



ਪੈਸ਼ਨਰਜ਼ ਭਵਨ ਵਿਖੇ ਹੋਈ ਮਹੀਨਾਵਾਰੀ ਇਕੱਤਰਤਾ ਵਿੱਚ ਪਾਸ ਕੀਤਾ ਗਿਆ। ਜਿਸਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਦਰਸ਼ਨ ਸਿੰਘ ਬਰਾੜ, ਸੁੰਦਰ ਪਾਲ ਪ੍ਰੇਮੀ ਅਤੇ ਸਾਧੂ ਰਾਮ ਸ਼ਰਮਾ ਨੇ ਕੀਤੀ। ਮੰਚ ਦੇ ਸਕੱਤਰ ਹਰਮੇਲ ਪਰੀਤ ਨੇ ਦੱਸਿਆ ਕਿ ਮੀਟਿੰਗ ਦੌਰਾਨ ਦੀਪਕ ਜੈਤੋਈ ਦਾ ਜਨਮਦਿਨ 'ਦੀਪਕ ਜੈਤੋਈ ਕਾਵਿ ਉਤਸਵ' ਵਜੋਂ ਮਨਾਉਣ ਬਾਰੇ ਵੀ ਚਰਚਾ ਕੀਤੀ। ਮੰਚ ਦੇ ਮੈਂਬਰਾਂ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਰਚਨਾਵਾਂ ਦੇ ਦੌਰ ਵਿਚ ਸਰਵ ਸ਼੍ਰੀ ਦੌਲਤ ਸਿੰਘ ਅਨਪੜ੍ਹ, ਹਰਮੇਲ ਪ੍ਰੀਤ, ਗੁਰਵਿੰਦਰ ਦਬੜੀਖਾਨਾ, ਹਰਭਗਵਾਨ ਕਰੀਰਵਾਲੀ, ਨੇਕ ਰੁਪਾਣਾ, ਅਰਸ਼ ਦਬੜੀਖਾਨਾ, ਭੁਪਿੰਦਰ ਸਰਵੇਅਰ, ਮਲਕੀਤ ਕਿੱਟੀ, ਜਰਨੈਲ ਸਿੰਘ ਜ਼ਖਮੀਂ, ਤਰਸੇਮ ਚੈਨਾ, ਤਰੰਨੁਮਪ੍ਰੀਤ ਕੌਰ, ਬਲਦੇਵ ਕ੍ਰਿਸ਼ਨ, ਸੰਜੀਵ ਕੁਮਾਰ ਗੋਇਲ, ਸਾਧੂ ਰਾਮ ਸ਼ਰਮਾ, ਸੁੰਦਦਪਾਲ ਪ੍ਰੇਮੀ, ਸੁਰਿੰਦਰਪਾਲ ਝੱਖੜਵਾਲਾ, ਮਲਕੀਤ ਕਿੱਟੀ, ਪੱਤਰਕਾਰ ਮਨਜੀਤ ਸਿੰਘ ਢੱਲਾ, ਛਿੰਦਰ ਸਿੰਘ ਆਦਿ ਨੇ ਵੱਖ-ਵੱਖ ਵਿਸ਼ਿਆਂ 'ਤੇ ਕਾਵਿ ਵੰਨਗੀਆਂ ਦੀ ਪੇਸ਼ਕਾਰੀ ਕੀਤੀ। ਮੰਚ ਸੰਚਾਲਨ ਸੁੰਦਰ ਸਿੰਘ ਬਾਜਾਖਾਨਾ ਨੇ ਕੀਤਾ।

## ਪੰਜਾਬ ਵਿੱਚ ਅਨੁਸੂਚਿਤ ਜਨਜਾਤੀ ਕੋਟਾ ਲਾਗੂ ਕਰਾਉਣ ਲਈ ਵਫਦ ਕੇਂਦਰੀ ਮੰਤਰੀ ਨੂੰ ਮਿਲਿਆ

### ਪੂਰੇ ਦੇਸ਼ ਦੇ ਕਬੀਲਿਆਂ ਨੂੰ ਇੱਕ ਵਿਸ਼ੇਸ਼ ਪੈਕਜ ਦੇਣ ਲਈ ਕੇਂਦਰ ਸਰਕਾਰ ਲੋਕ ਸਭਾ ਵਿੱਚ ਬਿੱਲ ਪੇਸ਼ ਕਰੇ : ਪੰਜਗਰਾਈਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 22 ਜਨਵਰੀ : ਪੂਰੇ ਭਾਰਤ ਦੀ ਤਰ੍ਹਾਂ ਸੰਵਿਧਾਨ ਮੁਤਾਬਕ ਐਸ ਟੀ ਅਨਸੂਚਿਤ ਜਨਜਾਤੀ ਕੋਟਾ ਪੰਜਾਬ ਵਿੱਚ ਲਾਗੂ ਕਰਾਉਣ ਲਈ ਇੱਕ ਵਫਦ ਜਸਪਾਲ ਸਿੰਘ ਪੰਜਗਰਾਈ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚੇ ਦੀ ਅਗਵਾਈ ਹੇਠ ਕੇਂਦਰੀ ਟਰਾਈਬ ਮੰਤਰੀ ਸ੍ਰੀ ਜੁਐਲ ਓਰਾਮ ਨੂੰ ਉਹਨਾਂ ਦੇ ਗ੍ਰਹਿ ਵਿਖੇ ਮਿਲਿਆ! ਇਸ ਸਮੇਂ ਉਹਨਾਂ ਨਾਲ ਹਰਦੀਪ ਸ਼ਰਮਾ ਬਾਹਮਣ ਵਾਲਾ ਕਿਸਾਨ ਮੋਰਚਾ ਪੰਜਾਬ ਕੋਆਰਡੀਨੇਟਰ, ਡਾ. ਬਲਵਿੰਦਰ ਸਿੰਘ ਬਰਗਾੜੀ, ਨਸੀਬ ਸਿੰਘ ਔਲਖ, ਗੁਰਮੀਤ ਸਿੰਘ ਰਾਮੇਆਣਾ, ਪਵਨ ਸ਼ਰਮਾ ਮੰਡਲ ਪ੍ਰਧਾਨ ਖਾਰਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ! ਇਸ ਸਮੇਂ ਜਸਪਾਲ ਸਿੰਘ ਪੰਜਗਰਾਈ ਨੇ ਕੇਂਦਰੀ ਮੰਤਰੀ ਤੋ ਪਰਜੋਰ



ਮੰਗ ਕੀਤੀ ਕਿ ਪੂਰੇ ਦੇਸ਼ ਦੀ ਤਰ੍ਹਾਂ ਪੰਜਾਬ ਵਿੱਚ ਵੀ ਐਸ.ਟੀ. ਦਾ ਕੋਟਾ ਲਾਗੂ ਕੀਤਾ ਜਾਵੇ! ਇਸ ਸਬੰਧੀ ਪੰਜਾਬ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਰਵੇਖਣ ਰਿਪੋਰਟ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਭੇਜੀਆਂ ਗਈਆਂ ਸਿਫਾਰਸ਼ਾਂ ਦੀਆਂ ਕਾਪੀਆਂ ਤੋਂ ਇਲਾਵਾ ਮਾਨਯੋਗ ਹਾਈਕੋਰਟ ਦਾ ਫੈਸਲਾ 1970 ਤੋਂ ਪਹਿਲਾਂ ਚਲਦੇ ਐਸ.ਟੀ. ਦੇ ਸਰਟੀਫਿਕੇਟ ਅਤੇ ਹੋਰ ਸਬੂਤ ਪੇਸ਼ ਕੀਤੇ! ਉਹਨਾਂ ਦੱਸਿਆ ਕਿ ਪੰਜਾਬ ਅੰਦਰ 40 ਲੱਖ ਕਬੀਲਿਆਂ ਦੀ ਵਸੋਂ ਹੈ, ਫਿਰ ਵੀ ਪੰਜਾਬ ਦੀਆਂ ਸਰਕਾਰਾਂ ਨੇ ਹਮੇਸ਼ਾ ਇਹਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ! ਉਹਨਾਂ ਮੰਗ ਕੀਤੀ ਕਿ ਆਰਥਿਕ ਤੌਰ 'ਤੇ ਪਛੜੇ ਹੋਏ ਕਬੀਲਿਆਂ ਨੂੰ ਪਿਛਲੇ 75 ਸਾਲਾਂ ਵਿੱਚ ਇਹਨਾਂ ਨੂੰ ਬਣਦੇ ਹੱਕ ਨਹੀਂ ਦਿੱਤੇ ਗਏ, ਜਿਸ ਕਰਕੇ ਅੱਜ ਪੰਜਾਬ ਦੇ ਕਬੀਲੇ ਹਰ ਇੱਕ ਪੱਖੋਂ ਪਛੜੇ ਹੋਏ ਹਨ! ਉਹਨਾਂ ਨੇ ਇਹ ਵੀ ਮੰਗ ਕੀਤੀ ਕਿ ਪੂਰੇ ਦੇਸ਼ ਦੇ ਵਿਮੁਕਤ ਜਾਤੀਆਂ ਟਪਰੀਵਾਸ ਕਬੀਲਿਆਂ ਨੂੰ ਇੱਕ ਵਿਸ਼ੇਸ਼ ਪੈਕਜ ਦੇਣ ਲਈ ਕੇਂਦਰ ਸਰਕਾਰ ਲੋਕ ਸਭਾ ਵਿੱਚ ਬਿੱਲ ਪੇਸ਼ ਕਰੇ! ਉਹਨਾਂ ਮੰਗ ਕੀਤੀ ਕਿ ਪੰਜਾਬ ਅੰਦਰ ਬਾਵਰੀਆ ਬਾਜੀਗਰ ਸਾਂਸੀ ਨਟ, ਬਾਰੜ, ਗੰਧੀਲਾ, ਭੇਡ, ਕੁੱਟਜੋਗੀ, ਨਾਥ, ਸਪੇਰਾ, ਕੁਚਬੰਧ ਵਰਗੀਆਂ 67 ਕਬੀਲੇ ਵਸਦੇ ਹਨ! ਜਸਪਾਲ ਸਿੰਘ ਪੰਜਗਰਾਈ ਮੰਗ ਕੀਤੀ ਕਿ ਪੂਰੇ ਦੇਸ਼ ਵਿੱਚ 20 ਕਰੋੜ ਤੋਂ ਉੱਪਰ ਇਸ ਤਰਾਂ ਦੇ ਕਬੀਲੇ ਵਸਦੇ ਹਨ, ਜਿਨਾਂ ਨੂੰ ਅੱਜ ਵੀ ਸੰਵਿਧਾਨ ਮੁਤਾਬਿਕ ਕੋਈ ਵੀ ਰਿਜਰਵੇਸ਼ਨ ਸਹੀ ਰੂਪ ਵਿੱਚ ਨਹੀਂ ਮਿਲੀ, ਜਿਸ ਕਰਕੇ ਅੱਜ ਉਹ ਘਮਾਤੂ ਅਤੇ ਅਰਧ ਘਮਾਤੂ ਦੀ ਸਥਿਤੀ ਵਿੱਚ ਆਪਣਾ ਜੀਵਨ ਬਤੀਤ ਕਰ ਰਹੇ ਹਨ! ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਪੂਰੇ ਦੇਸ਼ ਵਿੱਚ ਨਵਾਂ ਕਾਨੂੰਨ ਪਾਸ ਕਰਕੇ ਇਹਨਾਂ ਨੂੰ ਵੱਖਰੀ ਰਿਜਰਵੇਸ਼ਨ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਿਕ ਸਾਰੇ ਸੂਬਿਆਂ ਵਿੱਚ ਦਿੱਤੀ!

## ਦਸਮੇਸ਼ ਕਾਨਵੈਂਟ ਸਕੂਲ ਨੂੰ ਮਿਲੀ ਆਈ.ਸੀ.ਐੱਸ.ਈ. ਬੋਰਡ ਦੀ ਮਾਨਤਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 22 ਜਨਵਰੀ : ਚੜ੍ਹਦੀਕਲਾ ਐਜੂਕੇਸ਼ਨ ਸੋਸਾਇਟੀ ਵੱਲੋਂ ਪਿੰਡ ਭਾਣਾ ਵਿੱਚ ਚਲਾਏ ਜਾ ਰਹੇ ਸਕੂਲ 'ਦਸਮੇਸ਼ ਕਾਨਵੈਂਟ ਸਕੂਲ' ਨੂੰ ਆਈ.ਸੀ.ਐੱਸ.ਈ. ਬੋਰਡ ਵੱਲੋਂ ਮਾਨਤਾ ਪ੍ਰਾਪਤ ਹੋਈ, ਜਿਸ ਦਾ ਮਾਨਤਾ ਨੰ: ਪੀ. ਯੂ.-215 ਹੈ। ਇਹ ਸਕੂਲ ਸੈਸ਼ਨ 2020-21 ਤੋਂ ਹੀ ਇਲਾਕੇ ਦੇ ਬੱਚਿਆਂ ਨੂੰ ਉੱਤਮ ਵਿੱਦਿਆ ਦੇ ਕੇ ਸੇਵਾ ਨਿਭਾਅ ਰਿਹਾ ਹੈ। ਸਕੂਲ ਦੀ ਬਿਲਡਿੰਗ ਇੱਕ ਅਦਰਸ਼ ਨਮੂਨਾ ਹੈ। ਸਾਲ 2023 ਵਿੱਚ ਸਕੂਲ ਨੂੰ ਬੈਸਟ ਇਨਫਰਾਸਟਕਚਰ ਦਾ ਫੈਪ ਅਵਾਰਡ ਹਾਸਿਲ ਹੋਇਆ। ਸਕੂਲ ਵਿੱਚ ਸਾਇੰਸ ਦੇ ਤਿੰਨੋਂ ਵਿਸ਼ਿਆਂ ਦੀਆਂ ਲੈਬਾਂ ਦੇ ਨਾਲ-ਨਾਲ ਕੰਪਿਊਟਰ ਲੈਬ, ਮੈਥ ਲੈਬ, ਐੱਸ.ਐੱਸ.ਟੀ. ਲੈਬ ਅਤੇ ਲੈਂਗੂਏਜ਼ ਲੈਬ ਵੀ ਸ਼ਾਮਿਲ ਹੈ। ਇਨ੍ਹਾਂ ਵਿਚ ਵਿਸ਼ੇ ਨਾਲ ਸਬੰਧਤ ਲੋੜੀਦਾਂ ਅਤੇ ਆਧੁਨਿਕ ਸਮਾਨ ਮੌਜੂਦ ਹੈ। ਸਕੂਲ ਲਾਇਬ੍ਰੇਰੀ ਵਿੱਚ 2500 ਤੋਂ ਜ਼ਿਆਦਾ ਕਿਤਾਬਾਂ ਹਨ ਜੋ ਕਿ ਪੜ੍ਹਨ ਵਾਲੇ ਵਿਸ਼ਿਆਂ ਅਤੇ ਬੱਚਿਆਂ ਦੇ ਸਰਵ-ਪੱਖੀ ਵਿਕਾਸ ਨਾਲ ਸਬੰਧਤ ਵਿਸ਼ਿਆਂ 'ਤੇ ਅਧਾਰਿਤ ਹਨ। ਸਕੂਲ ਵਿੱਚ ਲੋੜੀਂਦੀ ਮੈਡੀਕਲ ਸਹੂਲਤ ਵੀ ਹੈ। ਫਸਟ ਏਡ ਦੇਣ ਲਈ ਮੈਡੀਕਲ ਸਟਾਫ ਵੀ ਨਿਯੁਕਤ ਕੀਤਾ ਗਿਆ ਹੈ। ਸਕੂਲ ਦਾ ਸਟਾਫ ਪੜ੍ਹਿਆ-ਲਿਖਿਆ ਅਤੇ ਅਨੁਭਵੀ ਹੈ। ਬੱਚਿਆਂ ਦੀ ਪੜਾਈ ਦੇ ਨਾਲ-ਨਾਲ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵੱਲ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ। ਪਿੰਡ ਭਾਣਾ ਦਾ ਇਹ ਸਕੂਲ ਫ਼ਰੀਦਕੋਟ ਦੇ ਪਿੰਡਾਂ ਦੇ 20 ਕਿਲੋਮੀਟਰ ਦੇ ਘੇਰੇ ਵਿੱਚ ਪਹਿਲਾ ਆਈ.ਸੀ.ਐੱਸ.ਈ. ਸਕੂਲ ਹੈ। ਜੋ ਕਿ ਇਲਾਕੇ ਦੇ ਲੋਕਾਂ ਅਤੇ ਸਕੂਲ ਪ੍ਰਸ਼ਾਸ਼ਨ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਚੇਅਰਮੈਨ ਕਰਨਵੀਰ ਸਿੰਘ ਧਾਲੀਵਾਲ ਅਤੇ ਕਨਵੀਨਰ ਅਜਮੇਰ ਸਿੰਘ ਧਾਲੀਵਾਲ ਨੇ ਪ੍ਰਿੰਸੀਪਲ ਸੁਰਜੀਤ ਕੌਰ ਅਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਇਸ ਪ੍ਰਾਪਤੀ ਨੂੰ ਉਨ੍ਹਾਂ ਦੀ ਮਿਹਨਤ ਦਾ ਫਲ ਦੱਸਿਆ।

## 68ਵੀਆਂ ਨੈਸ਼ਨਲ ਕ੍ਰਿਕਟ ਅੰਡਰ-19 ਲੜਕੀਆਂ ਦਾ ਕੈਂਪ ਭਾਣਾ ਵਿਖੇ ਹੋਇਆ ਸ਼ੁਰੂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 22 ਜਨਵਰੀ : ਚੜ੍ਹਦੀਕਲਾ ਐਜੂਕੇਸ਼ਨ ਸੋਸਾਇਟੀ ਵੱਲੋਂ ਪਿੰਡ ਭਾਣਾ ਵਿੱਚ ਚਲਾਏ ਜਾ ਰਹੇ ਸਕੂਲ 'ਦਸਮੇਸ਼ ਕਾਨਵੈਂਟ ਸਕੂਲ' ਨੂੰ ਆਈ.ਸੀ.ਐੱਸ.ਈ. ਬੋਰਡ ਵੱਲੋਂ ਮਾਨਤਾ ਪ੍ਰਾਪਤ ਹੋਈ, ਜਿਸ ਦਾ ਮਾਨਤਾ ਨੰ: ਪੀ. ਯੂ.-215 ਹੈ। ਇਹ ਸਕੂਲ ਸੈਸ਼ਨ 2020-21 ਤੋਂ ਹੀ ਇਲਾਕੇ ਦੇ ਬੱਚਿਆਂ ਨੂੰ ਉੱਤਮ ਵਿੱਦਿਆ ਦੇ ਕੇ ਸੇਵਾ ਨਿਭਾਅ ਰਿਹਾ ਹੈ। ਸਕੂਲ ਦੀ ਬਿਲਡਿੰਗ ਇੱਕ ਅਦਰਸ਼ ਨਮੂਨਾ ਹੈ। ਸਾਲ 2023 ਵਿੱਚ ਸਕੂਲ ਨੂੰ ਬੈਸਟ ਇਨਫਰਾਸਟਕਚਰ ਦਾ ਫੈਪ ਅਵਾਰਡ ਹਾਸਿਲ ਹੋਇਆ। ਸਕੂਲ ਵਿੱਚ ਸਾਇੰਸ ਦੇ ਤਿੰਨੋਂ ਵਿਸ਼ਿਆਂ ਦੀਆਂ ਲੈਬਾਂ ਦੇ ਨਾਲ-ਨਾਲ ਕੰਪਿਊਟਰ ਲੈਬ, ਮੈਥ ਲੈਬ, ਐੱਸ.ਐੱਸ.ਟੀ. ਲੈਬ ਅਤੇ ਲੈਂਗੂਏਜ਼ ਲੈਬ ਵੀ ਸ਼ਾਮਿਲ ਹੈ। ਇਨ੍ਹਾਂ ਵਿਚ ਵਿਸ਼ੇ ਨਾਲ ਸਬੰਧਤ ਲੋੜੀਦਾਂ ਅਤੇ ਆਧੁਨਿਕ ਸਮਾਨ ਮੌਜੂਦ ਹੈ। ਸਕੂਲ ਲਾਇਬ੍ਰੇਰੀ ਵਿੱਚ 2500 ਤੋਂ ਜ਼ਿਆਦਾ ਕਿਤਾਬਾਂ ਹਨ ਜੋ ਕਿ ਪੜ੍ਹਨ ਵਾਲੇ ਵਿਸ਼ਿਆਂ ਅਤੇ ਬੱਚਿਆਂ ਦੇ ਸਰਵ-ਪੱਖੀ ਵਿਕਾਸ ਨਾਲ ਸਬੰਧਤ ਵਿਸ਼ਿਆਂ 'ਤੇ ਅਧਾਰਿਤ ਹਨ। ਸਕੂਲ ਵਿੱਚ ਲੋੜੀਂਦੀ ਮੈਡੀਕਲ ਸਹੂਲਤ ਵੀ ਹੈ। ਫਸਟ ਏਡ ਦੇਣ ਲਈ ਮੈਡੀਕਲ ਸਟਾਫ ਵੀ ਨਿਯੁਕਤ ਕੀਤਾ ਗਿਆ ਹੈ। ਸਕੂਲ ਦਾ ਸਟਾਫ ਪੜ੍ਹਿਆ-ਲਿਖਿਆ ਅਤੇ ਅਨੁਭਵੀ ਹੈ। ਬੱਚਿਆਂ ਦੀ ਪੜਾਈ ਦੇ ਨਾਲ-ਨਾਲ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵੱਲ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ। ਪਿੰਡ ਭਾਣਾ ਦਾ ਇਹ ਸਕੂਲ ਫ਼ਰੀਦਕੋਟ ਦੇ ਪਿੰਡਾਂ ਦੇ 20 ਕਿਲੋਮੀਟਰ ਦੇ ਘੇਰੇ ਵਿੱਚ ਪਹਿਲਾ ਆਈ.ਸੀ.ਐੱਸ.ਈ. ਸਕੂਲ ਹੈ। ਜੋ ਕਿ ਇਲਾਕੇ ਦੇ ਲੋਕਾਂ ਅਤੇ ਸਕੂਲ ਪ੍ਰਸ਼ਾਸ਼ਨ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਚੇਅਰਮੈਨ ਕਰਨਵੀਰ ਸਿੰਘ ਧਾਲੀਵਾਲ ਅਤੇ ਕਨਵੀਨਰ ਅਜਮੇਰ ਸਿੰਘ ਧਾਲੀਵਾਲ ਨੇ ਪ੍ਰਿੰਸੀਪਲ ਸੁਰਜੀਤ ਕੌਰ ਅਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਇਸ ਪ੍ਰਾਪਤੀ ਨੂੰ ਉਨ੍ਹਾਂ ਦੀ ਮਿਹਨਤ ਦਾ ਫਲ ਦੱਸਿਆ।

## ਸਮਾਜਿਕ ਕੁਰੀਤੀਆਂ ਦੀਆਂ ਪਰਤਾਂ ਖੋਲ੍ਹਦੀ ਹੈ ਪੰਜਾਬੀ ਵੈਬ ਸੀਰੀਜ਼ "ਮੁਰਗਾਬੀਆਂ":- ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਪੰਜਾਬੀ ਫਿਲਮ ਇੰਡਸਟ੍ਰੀਜ਼ ਦੀ ਬਹੁ ਚਰਚਿਤ ਨਾਮ ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ ਜੀ , ਜਿੰਨਾ ਦੀ ਮੰਝੀ ਹੋਈ ਨਿਰਦੇਸ਼ਨਾ ਨੇ ,ਕਈ ਪੰਜਾਬੀ ਫਿਲਮਾਂ , ਗੀਤਾਂ ਦੇ ਫਿਲਮਾਂਕਣ ਤੇ ਪੰਜਾਬੀ ਵੈਬ ਸੀਰੀਜ਼ ਨੂੰ ਅੰਜਾਮ ਤੱਕ ਪਹੁੰਚਾਇਆ । ਅੱਜ ਓਨਾਂ ਦੇ ਕੰਮ ਨੂੰ ਬਹੁਪੱਖੀ ਹੁੰਗਾਰਾਂ ਮਿਲ ਰਿਹਾ। ਅੱਜ ਓਨਾਂ ਨੂੰ ਬੇਹਤਰੀਨ ਤੇ ਸਫਲ ਨਿਰਮਾਤਾ-ਨਿਰਦੇਸ਼ਕ ਕਿਹਾ ਜਾ ਸਕਦਾ । ਕਿਉਂਕਿ ਉਹ ਪੰਜਾਬੀ ਸਿਨੇਮਾ ਨੂੰ ਪਿਆਰ ਕਰਨ ਵਾਲਿਆਂ ਦੇ ਨਜ਼ਰੀਏ ਨੂੰ ਭਲੀਭਾਂਤ ਜਾਣਦੇ ਹਨ । ਨਿਰਮਾਤਾ-ਨਿਰਦੇਸ਼ਕ ਭਗਵੰਤ ਸਿੰਘ ਕੰਗ ਜੀ ਦੇ ਨਾਲ ਨਾਮਵਰ ਨਿਰਮਾਤਾ ਪਰਮਜੀਤ ਸਿੰਘ ਨਾਗਰਾ ਬਹੁਤ ਜਲਦ, ਪੰਜਾਬੀ ਵੈਬ ਸੀਰੀਜ " ਮੁਰਗਾਬੀਆਂ" ਲੈ ਕੇ ਆ ਰਹੇ। ਇਸ ਵਿਚ ਓਨਾਂ ਨਾਲ ਸਹਿ ਨਿਰਮਾਣਕਾਰ ਲਖਵਿੰਦਰ ਜਟਾਣਾ ,ਗੁਰਪ੍ਰੀਤ ਵੜੈਚ ,ਅਮਨ ਚਾਹਲ ਅਤੇ ਜੁਗਰਾਜ ਮਰਾਹੜ ਹਨ। ਡੀ.ਪੀ.ਓ ਜਸਜੋਤ ਗਿੱਲ। ਪੰਜਾਬੀ ਵੈਬ ਸੀਰੀਜ਼ ਕਹਾਣੀ ਦਾਤ ' ਜਸਵਿੰਦਰ ਪੰਜਾਬੀ' ਦੀ ਹੈ।

ਪੰਜਾਬੀ ਵੈਬ ਸੀਰੀਜ਼ ਦੀ ਕਹਾਣੀ ਦੋ ਪੱਖ ਬਰੋਬਰ ਚਲਦੀ ਹੈ। ਇੱਕ ਅਲ੍ਹੱਭੜ ਮੁਟਿਆਰ, ਜੋ ਕਿ ਡੇਰੇ ਦੇ ਸ਼ਰਧਾਲੂ ਪਰਿਵਾਰ ਵਿਚੋ ਹੈ। ਉਸ ਅਲ੍ਹੱਭੜ ਮੁਟਿਆਰ ਉਸੇ ਡੇਰੇ ਦੇ ਸ਼ਰਧਾਲੂ ਮਾਸਟਰ ਸਰੀਰਕ ਸੰਬੰਧ ਬਣਾਉਂਦਾ ਹੈ। ਫਿਰ ਸੁਰੂ ਹੁੰਦੀ ਹੈ ,ਮੁਟਿਆਰ ਦੇ ਜੀਵਨ ਦੇ ਨਰਕ ਦਾਸਤਾਂ ! ਇਸੇ ਤਰਾਂ ਪੰਜਾਬੀ ਵੈਬ ਸੀਰੀਜ਼ ਵਿਚ ਦਿਖਾਇਆ ਗਿਆ, ਕਿਵੇਂ ਵੱਡੇ ਘਰਾਂ ਦੇ ਜਵਾਕ ਮਾਪਿਆਂ ਦੀ ਮਰਜੀ ਖਿਲਾਫ ਜਾ ਰਹੇ ਹਨ? ਕਿਵੇਂ ਕਹਾਣੀ ਦੀ ਪਾਤਰ ਗੁਰਕੀਰਤ ਤੇ ਜੀਵਨ ਦੀ ਮੁਹੱਬਤ ਵਿਚ ਅਮਰੀਕਾ ਦੇਸ਼ ਰਾਹ ਦਾ ਰੋੜਾ ਬਣ ਖਲੋਦਾ ਹੈ ਅਤੇ ਕਿਵੇਂ ਸਮਾਜ ਦਾ ਧੁਰਾ ਮੰਨਿਆ ਜਾਦਾ , ਲੇਖਕ ਲਾਣਾ ਵੀ ਜਾਤ-ਪਾਤ ਦੇ ਬੰਧਨਾਂ ਵਿਚ ਗਰੱਸਿਆਂ ਹੋਇਆਂ ਹੈ ! ਦੇਖਦੇ ਹਾਂ ਹੋਰ ਕਿੰਨੀਆਂ ਕੁ ਸਮਾਜਿਕ ਪਰਤਾਂ ਖੋਲਦੀ ,ਪੰਜਾਬੀ ਵੈਬ ਸੀਰੀਜ਼ "ਮੁਰਗਾਬੀਆਂ" ?

ਇਸ ਪੰਜਾਬੀ ਵੈਬ ਸੀਰੀਜ਼ ਵਿਚ ਸਟਾਰ ਕਾਸਟ ਵਜੋਂ ਜੱਸ ਬੋਪਾਰਾਏ, ਐਂਜਲੀਨਾ ਰਾਜਪੂਤ,ਕੇਹਰ ਖਾਨ, ਧੀਰਾ ਮਾਨ, ਸੁਖਦੇਵ ਬਰਨਾਲਾ, ਜਤਿੰਦਰ ਹਾਂਸ, ਕੁਲਬੀਰ ਮੁਸ਼ਕਾਬਾਦ,ਕੁਲਦੀਪ ਪਟਿਆਲਾ, ਕਰਨੈਲ ਦਾਸ,ਸੋਨੂੰ ਕੇਲੋਂ,ਮਨਤਾਜ ਬੇਦੀ,ਸੁਨੀਤਾ ਸਿੰਘ, ਸੁਖਪ੍ਰੀਤ ਸਿੰਘ ਤੇ ਗੁਰਲਾਲ ਮਾਨ ਆਦਿ ।


## ਵਿਗਿਆਨ ਕਿਰਿਆਵਾ ਅਤੇ ਸਕੂਲ ਵਿਦਿਆਰਥੀ

ਵਰਲਡ ਪੰਜਾਬੀ ਟਾਈਮਜ਼
ਬਰਜਿੰਦਰ ਪਾਲ ਸਿੰਘ ਧਨੌਲਾ



ਵਿਗਿਆਨ ਵਿਸੇ ਦਾ ਅਰਥ ਵਿਧੀ ਰਾਹੀ ਗਿਆਨ ਦੀ ਪ੍ਰਾਪਤੀ ਹੈ।ਮੈ ਸੁਣਿਆਂ ਮੈ ਭੁੱਲ ਗਿਆ ਮੈ ਵੇਖਿਆ ਮੇਰੇ ਕੁਝ ਕੁ ਯਾਦ ਹੈ ਮੈ ਕਰਕੇ ਵੇਖਿਆ ਮੇਰੇ ਸਭ ਕੁਝ ਯਾਦ ਹੈ।ਭਾਵ ਪ੍ਰਯੋਗ ਕਿਰਿਆ ਕਰਨ ਨਾਲ ਸਦੀਵੀ ਜਿਆਦਾ ਦੇਰ ਤੱਕ ਯਾਦ ਰਹਿੰਦਾ ਹੈ। ਕਿਉਕਿ ਪ੍ਰਯੋਗਾਂ ਦੌਰਾਨ ਸਰੀਰ ਦੀਆ ਸਾਰੀਆ ਗਿਆਨ ਇੰਦਰੀਆ ਕੰਮ ਕਰਦੀਆ ਹਨ। ਵਿਗਿਆਨ ਤੋ ਭਾਵ ਭੋਤਿਕ ਵਿਗਿਆਨ ਰਸਾਇਣਕ ਵਿਗਿਆਨ ਜੀਵ ਵਿਗਿਆਨ ਹੁੰਦਾ ਹੈ।ਵਿਦਿਆਰਥੀ ਇਹਨਾ ਵਿਸ਼ਿਆ ਨੂੰ ਪੜ੍ਹਨ ਦੌਰਾਨ ਪ੍ਰਯੋਗੀ ਪ੍ਰੀਖਿਆ ਵੀ ਦਿੰਦਾ ਹੈ। ਲਿਖਤੀ ਪ੍ਰੀਖਿਆ ਦੇ ਨਾਲ ਇਹਨਾਂ ਵਿਸ਼ਿਆ ਦੀ ਪ੍ਰਯੋਗੀ ਪ੍ਰੀਖਿਆ ਵੀ ਹੁੰਦੀ ਹੈ। ਸਾਰਾ ਸਾਲ ਸੈਸਨ ਦੌਰਾਨ ਦਸਵੀ ਤੱਕ ਦੇ ਵਿਦਿਆਰਥੀ ਵਿਗਿਆਨ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕਰਦੇ ਹਨ। ਸਰਕਾਰੀ ਸਕੂਲਾਂ ਵਿੱਚ ਵਿਗਿਆਨ ਪ੍ਰਯੋਗਸ਼ਾਲਾ ਬਣੀਆ ਹੋਈਆ ਹਨ। ਇਹਨਾਂ ਪ੍ਰਯੋਗਸ਼ਾਲਾ ਵਿੱਚ ਵਿਦਿਆਰਥੀ ਆਪਣੇ ਸਾਇੰਸ ਅਧਿਆਪਕਾ ਦੀ ਅਗਵਾਈ ਵਿੱਚ ਪ੍ਰਯੋਗ ਕਰਦੇ ਹਨ। ਮਿਡਲ ਸਕੂਲਾਂ ਵਿੱਚ ਸਾਇੰਸ ਕਾਰਨਰ ਵੀ ਹਨ। ਵਿਦਿਆਰਥੀ ਆਪਣੇ ਹੱਥੀ ਕੰਮ ਕਰਦੇ ਹਨ। ਗਰੁੱਪਾਂ ਵਿੱਚ ਵੀ ਕਿਰਿਆ ਕੀਤੀ ਜਾਦੀ ਹੈ। ਵਿਗਿਆਨ ਨੂੰ ਅਗਲੀਆ ਜਮਾਤਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪਕੜ੍ਹ ਪ੍ਰਯੋਗੀ ਕੰਮ ਵਿੱਚ ਹੋਣੀ ਬਹੁਤ ਜਰੂਰੀ ਹੈ।ਵਿਗਿਆਨ ਪ੍ਰਯੋਗਸ਼ਾਲਾ ਵਿੱਚ ਵਿਗਿਆਨੀਆਂ ਦੀਆ ਤਸਵੀਰਾ ਪ੍ਰਦਰਸ਼ਿਤ ਕੀਤੀਆ ਜਾਦੀਆ ਹਨ।ਪ੍ਰਯੋਗੀ ਲਿਸਟ ਲਗਾਈ ਜਾਦੀ ਹੈ। ਬਹੁਤ ਸਾਰੇ ਕਰਵਾਏ ਗਏ ਪ੍ਰਯੋਗ,ਕਿਰਿਆਵਾ ਵੀ ਲਿਸਟਾਂ ਵੀ ਪ੍ਰਦਰਸ਼ਿਤ ਕੀਤੀਆ ਜਾਦੀਆ ਹਨ ਤਾ ਜੋ ਲੈਬ ਵਿਲੱਖਣ ਲੱਗੇ। ਸਾਇੰਸ ਦੇ ਪੀਰੀਅਡ ਹਫਤੇ ਦੌਰਾਨ ਚੁਣਵੇ ਦਿਨਾ ਦੌਰਾਨ ਲਗਾਤਾਰ ਦੋ ਹੁੰਦੇ ਹਨ ਤਾ ਜੋ ਵਿਦਿਆਰਥੀ ਆਪਣੇ ਪ੍ਰਯੋਗ ਲਗਾਤਾਰਤਾ ਅਤੇ ਆਸਾਨੀ ਨਾਲ ਕਰ ਸਕਣ। ਵਿਦਿਆਰਥੀ ਵੀ ਸਾਇੰਸ ਦੇ ਪ੍ਰਯੋਗੀ ਪੀਰੀਅਡ ਦੀ ਉਡੀਕ ਕਰਦੇ ਰਹਿੰਦੇ ਹਨ। ਬਹੁਤ ਸਾਰੇ ਪ੍ਰਸ਼ਨਾ ਦੇ ਜਵਾਬ ਵਿਦਿਆਰਥੀ ਨੂੰ ਲੈਬ ਵਿੱਚ ਮਿਲ ਜਾਦੇ ਹਨ। ਵਿਗਿਆਨ ਸਾਨੂੰ ਸੁੱਧਤਾ ਨਾਲ ਜੋੜ੍ਹਦਾ ਹੈ। ਅੱਜ ਬਹੁਤ ਠੰਡ ਹੈ ।ਵਿਗਿਆਨ ਦਾ ਉਪਕਰਨ ਦੱਸਦਾ ਹੈ ਕਿ ਕਿੰਨੀ ਠੰਡ ਹੈ ਕਹਿਣ ਤੋ ਭਾਵ ਕਿ ਤਾਪਮਾਨ ਕਿੰਨਾ ਹੈ ।ਇਸ ਲਈ ਰੂਮ ਥਰਮਾਮੀਟਰ ਦੀ ਸਹਾਇਤਾ ਨਾਲ ਅਸੀ ਤਾਪਮਾਨ ਦਾ ਸਹੀ ਮਾਪ ਪਤਾ ਕਰ ਸਕਦੇ ਹਾ।ਸਕੂਲੀ ਵਿਦਿਆਰਥੀ ਥਰਮਾਮੀਟਰ ਨਾਲ ਕਿਰਿਆ ਕਰਦੇ ਹਨ। ਪ੍ਰਯੋਗ ਦਾ ਨਾ ਹੈ ਕਿ ਧੁੱਪ ਅਤੇ ਛਾ ਦਾ ਤਾਪਮਾਨ ਪਤਾ ਕਰਨਾ ।ਵਿਦਿਆਰਥੀ ਥਰਮਾਮੀਟਰ ਦੋ ਲੈਦੇ ਹਨ ਇੱਕ ਥਰਮਾਮੀਟਰ ਧੁੱਪ ਵਿੱਚ ਰੱਖਦੇ ਹਨ ਅਤੇ ਇੱਕ ਥਰਮਾਮੀਟਰ ਨੂੰ ਛਾ ਵਿੱਚ ਰੱਖਦੇ ਹਨ।ਇਸਤੋ ਬਾਦ ਅੱਧੇ ਘੰਟੇ ਦੇ ਫਰਕ ਨਾਲ ਪੜ੍ਹਤਾ ਲੈਦੇ ਹਨ ਅਤੇ ਆਪਣੀ ਨੋਟ ਬੁੱਕ ਉੱਪਰ ਨੋਟ ਕਰਦੇ ਹਨ।ਇਸ ਪਰੀਖਣ ਉੱਪਰ ਪੜ੍ਹਤਾ ਰਾਹੀ ਪੜਚੋਲ ਕਰਦੇ ਹਨ ਕਿ ਧੁੱਪ ਦਾ ਤਾਪਮਾਨ ਜਿਆਦਾ ਹੁੰਦਾ ਹੈ ਅਤੇ ਛਾ ਦਾ ਤਾਪਮਾਨ ਘੱਟ ਹੁੰਦਾ ਹੈ।ਮੋਮਬੱਤੀ ਦੀ ਲਾਟ ਦੀ ਕਿਰਿਆ ਵਿਦਿਆਰਥੀ ਬਹੁਤ ਚਾਅ ਨਾਲ ਕਰਦੇ ਹਨ। ਲੈਬ ਵਿੱਚ ਵੀ ਕਰ ਸਕਦੇ ਹਨ। ਆਪਣੇ ਘਰਾ ਵਿੱਚ ਵੀ ਹਨੇਰੇ ਕਮਰੇ ਵਿੱਚ ਸਵਾਤ ਵਿੱਚ ਜਿੱਥੇ ਹਨੇਰਾ ਹੁੰਦਾ ਹੈ ਵਿਦਿਆਰਥੀ ਕਰ ਸਕਦੇ ਹਨ।ਮੋਮਬੱਤੀ ਜਲਾਉਣ ਬਾਦ ਇਸਦੇ ਵੱਖ ਵੱਖ ਹਿੱਸੇ ਵੇਖਣ ਨਾਲ ਵਿਦਿਆਰਥੀ ਮੋਮਬੱਤੀ ਦੇ ਭਾਗਾ ਬਾਰੇ ਚੰਗੀ ਤਰਾ ਸਿੱਖ ਲੈਦੇ ਹਨ।ਘੁਲਣਸੀਲ ਵਸਤੂਆ ਜੋ ਪਾਣੀ ਵਿੱਚ ਘੁਲ ਸਕਦੀਆ ਹਨ ਅਘੁਲਣਸੀਲ ਵਸਤੂਆ ਜੋ ਪਾਣੀ ਵਿੱਚ ਨਹੀ ਘੁਲਦੀਆ। ਇਸ ਲਈ ਵਿਦਿਆਰਥੀਆਂ ਨੂੰ ਦੋ ਕੱਚ ਦੇ ਗਲਾਸ ਵਿੱਚ ਪਾਣੀ ਪਾ ਕਿਰਿਆ ਸਮਝਾਈ ਜਾ ਸਕਦੀ ਹੈ। ਇੱਕ ਕੱਚ ਦਾ ਗਲਾਸ ਲਉ ਉੁਸ ਵਿੱਚ ਅੱਧਾ ਗਲਾਸ ਪਾਣੀ ਭਰ ਲਵੋ। ਉੁਸ ਵਿੱਚ ਨਮਕ ਪਾਉ ਘੁਲ ਜਾਵੇਗਾ ਖੰਡ ਪਾਉ ਖੰਡ ਘੁਲ ਜਾਵੇਗੀ ਇਹ ਪਾਣੀ ਵਿੱਚ ਘੁਲਣਸੀਲ ਹਨ। ਇਸ ਤਰਾ ਸਰੋ ਦਾ ਤੇਲ ਪਾਉ ਇਹ ਉੱਪਰ ਤੈਰਨ ਲੱਗ ਜਾਵੇਗਾ ਇਹ ਘੁਲੇਗਾ ਨਹੀ । ਇਸ ਤਰਾ ਵਿਦਿਆਰਥੀ ਇਹਨਾ ਕਿਰਿਆਵਾ ਨੂੰ ਵਾਰੋ ਵਾਰੀ ਆਪਣੀ ਸਕੂਲ ਲੈਬ ਜਾ ਘਰਾ ਵਿੱਚ ਕਰਨ।ਲੈਬ ਤੋ ਇਲਾਵਾ ਬਹੁਤ ਸਾਰਾ ਸਾਮਾਨ ਸਾਡੇ ਘਰਾ ਵਿੱਚ ਵੀ ਹੈ ਜਿੱਥੇ ਅਸੀ ਵਿਗਿਆਨ ਦੇ ਬਹੁਤ ਸਾਰੇ ਨਿਯਮ ਬਹੁਤ ਸਾਰੇ ਵਿਚਾਰ ਪ੍ਰੈਕਟੀਕਲ ਸਿੱਖ ਸਕਦੇ ਹਾ। ਇਸ ਲਈ ਜਦੋ ਵੀ ਸਮਾ ਮਿਲੇ ਸਕੂਲੀ ਵਿਦਿਆਰਥੀ ਪ੍ਰਯੋਗੀ ਕੰਮ ਨੂੰ ਪਹਿਲ ਦੇਣ।ਹਾਸਿਆ ਕਿਰਿਆਵਾ ਪ੍ਰਯੋਗਾਂ ਨਾਲ ਵਿਗਿਆਨ ਵਿਸੇ ਦੇ ਨੇੜ੍ਹੇ ਲੱਗਣ।ਪਾਰਦਰਸ਼ੀ ਵਸਤੂਆ ਅਲਪ ਪਾਰਦਰਸ਼ੀ ਅਤੇ ਅਪਾਰਦਰਸ਼ੀ ਵਸਤੂਆ ਹਨ। ਜਿੰਨਾ ਵਿੱਚ ਦੀ ਪ੍ਰਕਾਸ਼ ਲੰਘ ਜਾਦਾ ਹੈ ਓਸਨੂੰ ਪਾਰਦਰਸ਼ੀ ਕਹਿੰਦੇ ਹਨ ਜਿੰਨਾ ਵਿਚੋ ਦੀ ਨਹੀ ਲੰਘਦਾ ਅਪਾਰਦਰਸ਼ੀ ਕਹਿੰਦੇ ਹਨ। ਜਿੰਨਾ ਵਿੱਚੋ ਦੀ ਕੁਝ ਲੰਘ ਜਾਦਾ ਹੈ ਕੁਝ ਨਹੀ ਲੰਘਦਾ ਅਲਪ ਪਾਰਦਰਸ਼ੀ ਕਹਿੰਦੇ ਹਨ ।ਇਸ ਕਿਰਿਆ ਨੂੰ ਵੀ ਡਾਰਕ ਰੂਮ ਵਿੱਚ ਕੀਤਾ ਜਾ ਸਕਦਾ ਹੈ।ਇਕ ਬੈਟਰੀ ਲਵੋ ਸੀਸਾ ਲਵੋ ਗੱਤਾ ਲਵੋ ਮੋਮੀਕਾਗਜ ਲਵੋ ਪ੍ਰਕਾਸ ਦੇ ਲੰਘਣ ਨਾਲ ਤੁਸੀ ਵੱਖ ਵੱਖ ਵਰਗਾ ਬਾਰੇ ਚੰਗੀ ਤਰਾ ਪ੍ਰੈਕਟੀਕਲ ਸਿੱਖ ਸਕਦੇ ਹੋ।ਡਾਰਕ ਰੂਮ ਜਾ ਹਨੇਰੇ ਕਮਰੇ ਵਿੱਚ ਇਹ ਕਿਰਿਆ ਕਰਨ ਨਾਲ ਇਸਦੇ ਨਤੀਜੇ ਹੋਰ ਬਿਹਤਰ,ਦਿਲਕਸ਼ ਅਤੇ ਅਜੀਬ ਸਿੱਖੇ ਜਾ ਸਕਦੇ ਹਨ।ਇਸ ਤਰਾ ਚਾਲਕ ਅਤੇ ਰੋਧਕ ਬਾਰੇ ਜਾਣਨ ਲਈ ਵੀ ਛੋਟਾ ਬੱਲਬ ਤਾਰਾ ਸੈਲ ਸਰਕਟ ਬਣਾਉ ਵਿਚਕਾਰ ਚਾਲਕ ਲਗਾਉ ਪੇਚਕਸ ਬਲੇਡ ਆਦਿ ਬੱਲਬ ਜੱਗ ਜਾਵੇਗਾ। ਇਸ ਸਰਕਟ ਵਿੱਚ ਰਬੜ,ਪਲਾਸਟਿਕ ਲਗਾਉ ਬੱਲਬ ਨਹੀ ਜਗੇਗਾ।ਇਸ ਤਰਾ ਵਿਦਿਆਰਥੀ ਇੱਕ ਛੋਟੇ ਜਿਹੇ ਸਰਕਟ ਨਾਲ ਚਾਲਕ ਰੋਧਕ ਬਾਰੇ ਜਾਣ ਸਕਦੇ ਹਨ।ਸੋ ਪਿਆਰੇ ਵਿਦਿਆਰਥੀਉ ਤੁਸੀ ਲੈਬ ਦੇ ਉਪਕਰਨਾ ਰਾਹੀ ਸੀਮਤ ਪ੍ਰਯੋਗ ਸਿੱਖ ਸਕਦੇ ਹੋ। ਸੋ ਕੁਦਰਤ ਇੱਕ ਬਹੁਤ ਵੱਡੀ ਪ੍ਰਯੋਗਸਾਲਾ ਹੈ ਜਿਸ ਉੱਪਰ ਤੁਸੀ ਅਨੇਕਾਂ ਪ੍ਰਯੋਗ ਕਰ ਸਕਦੇ ਹੋ। ਤੁਸੀ ਟੋਬੇ,ਨਹਿਰ ਦੇ ਕਿਨਾਰੇ ਖੜ੍ਹ ਓੇੁੇਸ ਅੰਦਰ ਦਰੱਖਤ ਵੇਖ ਸਕਦੇ ਹੋ।ਤੁਸੀ ਧੁੱਪ ਵਿੱਚ ਖੜ੍ਹ ਆਪਣਾ ਪ੍ਰਛਾਵਾ ਵੇਖ ਸਕਦੇ ਹੋ।ਤੁਸੀ ਖੰਭਾ ਨਾਲ ਪੰਛੀਆ ਨੂੰ ਹਵਾ ਵਿੱਚ ਉੱਡਦੇ ਵੇਖ ਸਕਦੇ ਹੋ। ਇਸਤੋ ਇਲਾਵਾ ਤੁਸੀ ਇਸ ਨੇਚਰ ਵਿੱਚ ਅਨੇਕਾ ਪ੍ਰਕਿਰਤੀ ਦੇ ਨਿਯਮ ਵੇਖਦੇ ਹੋ।ਸੋ ਤੁਸੀ ਹਰ ਵਰਤਾਰੇ ਨੂੰ ਕੀ ਕਿਉ ਕਿਵੇ ਦੀ ਕਸਵੱਟੀ ਉੱਪਰ ਸੋਚੋਗੇ।ਵਿਗਿਆਨਕ ਸੋਚ ਵਿਗਿਆਨਿਕ ਵਤੀਰਾ ਅਤੇ ਤਰਕ ਵਾਲੇ ਵਿਲੱਖਣ ਵਿਦਿਆਰਥੀ ਬਣੋਗੇ।ਵਿਗਿਆਨਿਕ ਨਜਰੀਏ ਨਾਲ ਆਪਣੇ ਪੰਜਾਬ ਰਾਜ ਅਤੇ ਭਾਰਤ ਦੇਸ ਦੇ ਲੋਕਾਂ ਦੀ ਸੇਵਾ ਲਈ ਹਮੇਸਾ ਤਤਪਰ ਰਹੋਗੇ।

## ਰਵਿੰਦਰ ਸਿੰਘ ਸੋਢੀ ਦਾ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ' ਸਮਾਜਿਕ ਸਰੋਕਾਰਾਂ ਦਾ ਪ੍ਰਤੀਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਰਵਿੰਦਰ ਸਿੰਘ ਸੋਢੀ ਸਰਬੰਗੀ ਸਾਹਿਤਕਾਰ ਹੈ। ਉਹ ਪੰਜਾਬੀ ਦਾ ਅਧਿਆਪਕ ਰਿਹਾ ਹੈ। ਇਸ ਲਈ ਉਸਦੀ ਸਾਹਿਤ ਦੇ ਹਰ ਰੂਪ ਦੀ ਮੁਹਾਰਤ ਹੈ। ਉਸਨੇ ਸਾਹਿਤ ਦੇ ਸਾਰੇ ਰੂਪਾਂ 'ਤੇ ਹੱਥ ਅਜਮਾਇਆ ਹੈ। ਮੁੱਖ ਤੌਰ 'ਤੇ ਉਹ ਵਾਰਤਕਾਰ ਹੈ। ਉਸ ਦੀਆਂ ਡੇਢ ਦਰਜਨ ਪੁਸਤਕਾਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪ੍ਰੰਤੂ ਉਸਨੇ ਬਹੁਤੇ ਨਾਟਕ ਲਿਖੇ ਹਨ। ਉਸ ਦੀਆਂ ਨਾਟਕ, ਆਲੋਚਨਾ, ਖੋਜ, ਜੀਵਨੀ, ਕਹਾਣੀ ਅਤੇ ਕਵਿਤਾ ਦੀਆਂ ਪੁਸਤਕਾਂ ਸਾਹਿਤਕ ਖੇਤਰ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਕਵੀ ਹੋਣ ਕਰਕੇ ਉਸ ਦੀ ਵਾਰਤਕ ਰਸਦਾਇਕ ਹੁੰਦੀ ਹੈ। ਉਸ ਦੀਆਂ ਕਵਿਤਾ ਦੀਆਂ ਦੋ ਪੁਸਤਕਾਂ 'ਧੰਨਵਾਦ! ਧੰਨਵਾਦ! ਧੰਨਵਾਦ!' ਅਤੇ 'ਅੱਧਾ ਅੰਬਰ ਅੱਧੀ ਧਰਤੀ' ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ 'ਰਾਵਣ ਹੀ ਰਾਵਣ' ਉਸਦਾ ਤੀਜਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ 43 ਰਚਨਾਵਾਂ, ਜਿਨ੍ਹਾਂ ਵਿੱਚ 18 ਗ਼ਜ਼ਲਾਂ, 19 ਕਵਿਤਾਵਾਂ ਅਤੇ 6 ਗੀਤ ਸ਼ਾਮਲ ਹਨ। ਕਵੀ ਨੇ ਸਮਾਜਿਕ ਅਲਾਮਤਾਂ ਨੂੰ ਰਾਵਣ ਦਾ ਦਰਜਾ ਦਿੱਤਾ ਹੈ। ਸਮਾਜ ਆਪਣੇ ਅੰਦਰਲੇ ਰਾਵਣ ਨੂੰ ਤਾਂ ਮਾਰਦਾ ਨਹੀਂ ਪ੍ਰੰਤੂ ਹਰ ਸਾਲ ਰਾਵਣ ਦੇ ਪੁਤਲੇ ਨੂੰ ਸਾੜ ਕੇ ਬਹਾਦਰੀ ਦਾ ਪ੍ਰਗਟਾਵਾ ਕਰਦਾ ਹੈ। ਕਾਵਿ ਸੰਗ੍ਰਹਿ ਦੇ ਨਾਮ ਵਾਲੀ ਕਵਿਤਾ 'ਰਾਵਣ ਹੀ ਰਾਵਣ' ਸਮਾਜ ਵਿੱਚ ਅਨੇਕ ਤਰ੍ਹਾਂ ਦੇ ਰਾਵਣਾ ਬਾਰੇ ਜਾਣਕਾਰੀ ਦਿੰਦੀ ਹੈ, ਜਿਸ ਤੋਂ ਪਤਾ ਲਗਦਾ ਹੈ ਸਮਾਜ, ਸਮਾਜਿਕ ਬੁਰਾਈਆਂ ਵਿੱਚ ਬੁਰੀ ਤਰ੍ਹਾਂ ਗ੍ਰਹਿਸਤ ਹੋ ਚੁੱਕਿਆ ਹੈ। ਬਿਲਕੁਲ ਏਸੇ ਤਰ੍ਹਾਂ 'ਅੱਜ ਦੇ ਡਾਇਨਾਸੋਰ' ਕਵਿਤਾ ਵਿੱਚ ਦਰਸਾਇਆ ਗਿਆ ਹੈ ਕਿ ਸੰਸਾਰ ਵਿੱਚ ਰਾਜਨੀਤਕ ਲੋਕ ਆਪੋ ਆਪਣੀ ਮਾਨਸਿਕਤਾ ਨੂੰ ਖ਼ੁਰਾਕ ਦੇਣ ਲਈ ਇਨਸਾਨੀਅਤ ਦਾ ਘਾਣ ਕਰ ਰਹੇ ਹਨ। ਕਵੀ ਨੇ ਸੰਸਾਰ ਦੇ ਰਾਜਨੀਤਕ ਲੋਕਾਂ ਦੀਆਂ ਆਪਣੇ ਹਿੱਤਾਂ ਦੀ ਪੂਰਤੀ ਲਈ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ ਦਾ ਪਰਦਾ ਫਾਸ਼ ਕੀਤਾ ਹੈ। ਸਮਾਜ, ਸਰਕਾਰਾਂ ਤੇ ਪਰਮਾਤਮਾ ਵੀ ਅਮੀਰਾਂ ਨੂੰ ਹੋਰ ਅਮੀਰ ਬਣਾ ਰਿਹਾ ਹੈ, ਗ਼ਰੀਬਾਂ 'ਤੇ ਤਸ਼ੱਦਦ ਹੋ ਰਹੇ ਹਨ, ਜ਼ਾਤਪਾਤ ਦਾ ਬੋਲਬਾਲਾ ਹੈ, ਇਸਦੇ ਨਾਲ ਹੀ ਕਵੀ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਤ ਵੀ ਕਰ ਰਿਹਾ ਹੈ। ਲੋਕਾਂ ਲਈ ਹੁਣ ਬਰਦਾਸ਼ਤ ਕਰਨਾ ਅਸੰਭਵ ਹੋ ਗਿਆ ਹੈ। ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ, ਬਿਰਧ ਘਰ ਬਣ ਰਹੇ ਹਨ, ਸ਼ਾਹੀ ਲੰਗਰ ਬਣ ਰਹੇ ਹਨ, ਰਿਸ਼ਤੇ ਨਿਭਾਏ ਨਹੀਂ ਜਾ ਰਹੇ, ਤਾਹਨੇ ਮਿਹਣਿਆਂ ਦਾ ਜ਼ੋਰ ਹੈ, ਕਵੀ ਲੋਕਾਈ ਨੂੰ ਕਹਿ ਰਿਹਾ ਹੈ ਕਿ ਹੁਣ ਇਨ੍ਹਾਂ ਅਲਾਮਤਾਂ ਤੋਂ ਖਹਿੜਾ ਛੁਡਾ ਲਓ ਸਮਾਂ ਲੰਘੇ ਤੋਂ ਬਾਅਦ ਵਿੱਚ ਪਛਤਾਉਣ ਦਾ ਕੋਈ ਲਾਭ ਨਹੀਂ ਹੋਵੇਗਾ। ਰੁੱਖਾਂ ਨੂੰ ਬਚਾਈਏ, ਪੰਛੀਆਂ ਦੇ ਰੈਣ ਬਸੇਰੇ ਨਾ ਉਜਾੜੀਏ, ਨਸ਼ੇ ਤੋਂ ਜਵਾਨੀ ਨੂੰ ਬਚਾਈਏ, ਔਰਤ 'ਤੇ ਮਾੜੀ ਨਜ਼ਰ ਨਾ ਰੱਖੀਏ, ਸਗੋਂ ਇੱਜ਼ਤ ਕਰੀਏ, ਦਾਜ ਬੰਦ ਕਰੀਏ, ਪਾਣੀ ਪਲੀਤ ਹੋਣ ਤੋਂ ਬਚਾਈਏ, ਸਰਵਣ ਪੁੱਤਰ ਬਣੀਏਂ, ਦੋਸਤੀ ਵਧਾਈਏ, ਭੀਖ ਨਾ ਮੰਗੀਏ, ਝੂਠ ਫਰੇਬ ਤੋਂ ਬਚੀਏ, ਇਹ ਸਭ ਖ਼ੁਦਕਸ਼ੀ ਦੇ ਬਰਾਬਰ ਹਨ।

ਇਸ ਕਾਵਿ ਸੰਗ੍ਰਹਿ ਦੀ ਸਭ ਤੋਂ ਪਹਿਲੀ ਕਵਿਤਾ 'ਕੈਦ ਕਰੋ, ਕੈਦ ਕਰੋ' ਸਿਰਲੇਖ ਵਾਲੀ ਹੈ, ਜੋ ਸਾਰੀ ਦੀ ਸਾਰੀ ਸਿੰਬਾਲਿਕ ਹੈ। ਜੇ ਇਉਂ ਕਹਿ ਲਿਆ ਜਾਵੇ ਕਿ ਇਸ ਕਾਵਿ ਸੰਗ੍ਰਹਿ ਦਾ ਸਾਰ ਹੈ, ਤਾਂ ਵੀ ਕੋਈ ਅਤਕਥਨੀ ਨਹੀਂ। ਇਸ ਕਵਿਤਾ ਵਿੱਚ ਰੁੱਤਾਂ, ਰੁੱਖਾਂ, ਥੋਹਰਾਂ ਦੇ ਸਿੰਬਲਾਂ ਰਾਹੀਂ ਸਮਾਜ ਵਿੱਚ ਵਾਪਰ ਰਹੀਆਂ ਅਣਹੋਣੀਆਂ ਨੂੰ ਰੋਕਣ ਦੀ ਤਾਕੀਦ ਕੀਤੀ ਗਈ ਹੈ। ਬਜ਼ੁਰਗਾਂ ਦੀ ਅਣਵੇਖੀ, ਪਤੀ ਪਤਨੀ ਦੇ ਸੰਬੰਧ, ਡੇਰਿਆਂ ਦੇ ਦੁਸ਼ਕਰਮ, ਧਰਮਾਂ ਦੇ ਪਖੰਡ, ਬੇਜ਼ਮੀਰੇ ਲੋਕਾਂ, ਧੋਖੇਬਾਜ਼ਾਂ, ਪ੍ਰਵਾਸ ਵਿੱਚ ਜਾਣ ਲਈ ਜ਼ਾਹਲੀ ਵਿਆਹ, ਨੰਗੇਜ਼ਵਾਦ, ਟੱਬਰਾਂ ਦਾ ਟੁੱਟਣਾ, ਸਿਆਸਤ ਵਿੱਚ ਪਰਿਵਾਰਵਾਦ, ਮਿਲਾਵਟ, ਰਿਸ਼ਵਤ, ਸਿਖਿਆ ਵਿੱਚ ਨਿਘਾਰ, ਜੁਗਾੜਾਂ ਨਾਲ ਮਾਨ ਸਨਮਾਨ ਪ੍ਰਾਪਤ ਕਰਨੇ, ਵਿਦੇਸ਼ੀ ਰਾਵਣਾਂ ਆਦਿ ਬਾਰੇ ਬਾਕਮਾਲ ਟਿਪਣੀਆਂ ਕੀਤੀਆਂ ਹਨ। ਪੰਜਾਬੀ ਵਿਦੇਸ਼ਾਂ ਵਿੱਚ ਵੀ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਉਂਦੇ, ਵਿਦਿਆਰਥੀਆਂ ਦਾ ਸ਼ੋਸ਼ਣ ਕਰਦੇ ਹਨ। ਸਰਕਾਰਾਂ ਦੀਆਂ ਵਿਸੰਗਤੀਆਂ ਤੇ ਵਿਅੰਗ ਕਸਿਆ ਗਿਆ ਹੈ। ਨੌਜਵਾਨਾਂ ਅਤੇ ਮੁਟਿਆਰਾਂ ਦੀਆਂ ਹਰਕਤਾਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਸ ਕਵਿਤਾ ਤੋਂ ਬਾਅਦ ਗ਼ਜ਼ਲਾਂ ਫਿਰ ਕਵਿਤਾਵਾਂ ਤੇ ਗੀਤ ਦਿੱਤੇ ਗਏ ਹਨ। ਇਹ ਤਰਤੀਵ ਅਖ਼ੀਰ ਤੱਕ ਚਲਦੀ ਹੈ ਤਾਂ ਜੋ ਕਾਵਿ ਸੰਗ੍ਰਹਿ ਦਿਲਚਸਪ ਬਣਿਆਂ ਰਹੇ। ਕਾਵਿ ਸੰਗ੍ਰਹਿ ਆਕਾਰ ਵਿੱਚ ਭਾਵੇਂ ਛੋਟਾ ਹੈ ਪ੍ਰੰਤੂ ਵਿਸ਼ੇ, ਵਿਚਾਰ, ਅਰਥ ਅਤੇ ਵਿਅੰਗ ਵੱਡੇ ਹਨ, ਜਿਹੜੇ ਪਾਠਕਾਂ ਨੂੰ ਝੰਜੋੜਦੇ ਹਨ। ਕਵੀ ਨੇ ਸਿਰਫ ਦੇਸ਼ ਦੇ ਮੁੱਦੇ ਹੀ ਚੁੱਕੇ ਨਹੀਂ ਸਗੋਂ ਸੰਸਾਰ ਵਿੱਚ ਜੋ ਵਾਪਰ ਰਿਹਾ ਹੈ, ਉਸਨੂੰ ਦ੍ਰਿਸ਼ਟਾਂਤਿਕ ਰੂਪ ਵਿਚ ਕਵਿਤਾਵਾਂ, ਗ਼ਜ਼ਲਾਂ ਤੇ ਗੀਤਾਂ ਰਾਹੀਂ ਦਰਸਾ ਦਿੱਤਾ ਹੈ। ਸ਼ਾਇਰ ਨੌਜਵਾਨਾਂ ਨੂੰ ਮਿਹਨਤ ਕਰਨ ਲਈ ਪ੍ਰੇਰਦਾ ਹੋਇਆ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਰੁੱਖ ਲਗਾਉਣ ਦੀ ਤਾਕੀਦ ਵੀ ਕਰਦਾ ਹੈ। ਪਰਵਾਸ ਦੇ ਸੰਤਾਪ ਦੀ ਗੱਲ ਕਰਦਾ ਦੇਸ਼ ਦੇ ਮੋਹ, ਬੇਘਰਿਆਂ ਲਈ ਘਰਾਂ, ਭੁੱਖਮਰੀ, ਬਲਾਤਕਾਰ ਅਤੇ ਬਜ਼ੁਰਗਾਂ ਦਾ ਨਿੱਘ ਮਾਨਣ ਦੀ ਗੱਲ ਕਰਦਾ ਹੈ। 'ਸਦੀਵੀ ਸੱਚ' ਅਤੇ 'ਅੱਜ ਦੇ ਬੇਦਾਵੀਏ' ਕਵਿਤਾਵਾਂ ਵਿੱਚ ਜ਼ੁਲਮ ਨੂੰ ਸਹਿਣ ਦੀ ਥਾਂ ਮੁਕਾਬਲਾ ਕਰਨ, ਕੁਰਬਾਨੀ ਦੇਣ, ਲੋਕਾਈ ਦਾ ਦਰਦ ਮਹਿਸੂਸ ਕਰਨ, ਗੁਰੂ ਤੋਂ ਬੇਮੁੱਖ ਹੋਣ ਦਾ ਲਗਾਤਾਰ ਜ਼ਾਰੀ ਰਹਿਣ, ਗੋਲਕਾਂ ਦੀ ਲੁੱਟ ਤੇ ਲੁੱਟ ਪਿੱਛੇ ਆਪਸੀ ਲੜਾਈਆਂ ਦਾ ਜ਼ਿਕਰ ਕਰਦਿਆਂ ਸਿੱਖੀ ਦੇ ਬਚਾਅ ਲਈ ਨਵੀਂ ਪਨੀਰੀ ਨੂੰ ਸਿੱਖੀ ਅਤੇ ਆਪਣੀ ਵਿਰਾਸਤ ਨਾਲ ਜੁੜਨ ਦੀ ਸਲਾਹ ਦਿੱਤੀ ਗਈ ਹੈ। ਕਵੀ ਅੱਗੋਂ ਆਪਣੀਆਂ ਕਵਿਤਾਵਾਂ ਵਿੱਚ ਲਿਖਦਾ ਹੈ ਕਿ ਧੋਖੇਬਾਜ ਅਧਰਮੀ ਲੋਕ ਧਰਮ ਨੂੰ ਨੁਕਸਾਨ ਪਹੁੰਚਾ ਰਹੇ ਹਨ, ਸਿਆਸਤਦਾਨ ਵੋਟਾਂ ਨੂੰ ਖ਼੍ਰੀਦ ਕੇ ਗ਼ਰੀਬਾਂ ਦੀ ਗ਼ਰੀਬੀ ਦਾ ਨਜ਼ਾਇਜ਼ ਲਾਭ ਉਠਾ ਰਹੇ ਹਨ, ਪਰਿਵਾਰਵਾਦ ਪ੍ਰਫੁਲਤ ਹੋ ਰਿਹਾ, ਜੁਮਲੇ ਛੱਡ ਕੇ ਲੋਕਾਈ ਨੂੰ ਵਹਿਮਾ ਭਰਮਾ ਦੇ ਜਾਲ ਵਿੱਚ ਫਸਾਈ ਜਾਂਦੇ ਹਨ, ਸਰਕਾਰੀ ਤੰਤਰ ਕੁੰਭ ਕਰਨ ਦੀ ਨੀਂਦ ਸੁੱਤੈ, ਸਿਹਤ ਵਿਓਪਾਰ ਬਣ ਗਿਆ, ਮਿਲਾਵਟ ਭਾਰੂ ਹੈ , ਲੋਕਾਂ ਨੂੰ ਸਿਵਕਸੈਂਸ ਨਹੀਂ, ਮਜ਼ਦੂਰ ਦਿਵਸ ਹੋਟਲਾਂ ਦੀ ਸ਼ਾਨ ਹਨ ਅਤੇ ਵਕੀਲ ਤੇ ਅਦਾਲਤਾਂ ਲੋਕਾਂ ਨਾਲ ਇਨਸਾਫ ਨਹੀਂ ਕਰ ਰਹੀਆਂ। ਲੋਕ ਨਿਰਮੋਹੀ ਹੋ ਗਏ, ਅਮੀਰ ਲੋਕਾਂ ਦਾ ਫ਼ੈਸ਼ਨ 'ਤੇ ਜ਼ੋਰ ਗ਼ਰੀਬਾਂ ਕੋਲ ਤਨ ਢੱਕਣ ਦੀ ਹਿੰਮਤ ਨਹੀਂ, ਵਿਖਾਵਾ ਪ੍ਰਧਾਨ, ਗ਼ਰੀਬ ਰੱਬ ਦੀ ਰਜ਼ਾ ਵਿੱਚ ਹੁੰਦੇ ਹੋਏ ਹਰ ਹਾਲਤ ਵਿੱਚ ਜੀਵਨ ਬਸਰ ਕਰਦੇ ਹਨ। ਬਲਾਤਕਾਰੀ ਧੀਆਂ ਬਚਾਉਣ ਦੇ ਨਾਹਰੇ ਮਾਰ ਰਹੇ ਹਨ, ਕਾਨੂੰਨ ਤੋੜਨ ਵਾਲੇ ਕਾਨੂੰਨ ਬਣਾ ਰਹੇ ਹਨ, ਡੇਰਿਆਂ ਵਾਲੇ ਧਰਮ ਦੀ ਆੜ ਵਿੱਚ ਜਨਤਾ ਨੂੰ ਕੁਰਾਹੇ ਪਾ ਕੇ ਇਸਤਰੀਆਂ ਨੂੰ ਸਬਜਬਾਗ ਵਿਖਾਕੇ ਮੌਜਾਂ ਮਾਣਦੇ ਹਨ, ਗ਼ਰੀਬ ਦੀ ਤਰੱਕੀ ਬਰਦਾਸ਼ਤ ਨਹੀਂ, ਅਬਲਾ ਨੂੰ ਸਜ਼ਾ, ਗੁਨਾਹਗਾਰ ਨੂੰ ਫਲ, ਸਿਆਸਤਦਾਨ ਤੇ ਅਫਸਰਸ਼ਾਹੀ ਇੱਕਮਿਕ, ਅਮੀਰ ਗ਼ਰੀਬ ਦਾ ਪਾੜਾ ਵੱਧ ਰਿਹਾ, ਸਰਹੱਦਾਂ ਦੀ ਰਾਖੀ ਕਰਨ ਵਾਲਿਆਂ ਦਾ ਮੁੱਲ ਨਹੀਂ ਪੈ ਰਿਹਾ, ਵਾੜ ਖੇਤ ਨੂੰ ਖਾ ਰਹੀ ਹੈ, ਰਾਜਸੀ ਲੋਕ ਆਗੂ ਨਹੀਂ ਰਹੇ ਪ੍ਰੰਤੂ ਲਾਲ ਗੋਦੜੀਆਂ ਵਿੱਚੋਂ ਰੌਸ਼ਨੀ ਦਿੰਦੇ ਹਨ। ਕਵੀ ਅਨੁਸਾਰ ਸਰਕਾਰਾਂ ਦੀ ਕਾਰਗੁਜ਼ਾਰੀ ਅਮਲੀ ਰੂਪ ਵਿੱਚ ਨਹੀਂ ਸਿਰਫ ਅਖ਼ਬਾਰਾਂ ਦੇ ਇਸ਼ਤਿਹਾਰਾਂ ਵਿੱਚ ਹੈ, ਹਾਲਾਤ ਇਤਨੇ ਮਾੜੇ ਹੋ ਗਏ ਹਨ ਕਿ ਸਾਰੇ ਪਾਸੇ ਅੰਧੇਰਾ ਹੀ ਵਿਖਾਈ ਦਿੰਦਾ ਹੈ, ਲੋਕ ਮਖੌਟੇ ਪਾਈ ਫਿਰਦੇ ਹਨ, ਅੰਦਰੋਂ ਬਾਹਰੋਂ ਇੱਕ ਨਹੀਂ, ਦੋਸਤੀ ਦੇ ਨਾਮ ਨੂੰ ਕਲੰਕਿਤ ਕਰ ਦਿੱਤਾ, ਠੱਗੀ ਠੋਰੀ ਤੇ ਜ਼ੋਰ ਹੈ, ਮਿੰਟਾਂ ਵਿੱਚ ਪਾਸਾ ਬਦਲ ਜਾਂਦੇ ਹਨ, ਔਰਤਾਂ ਦੇ ਮਾਨਸਿਕ ਬਲਾਤਕਾਰ ਘਰਾਂ, ਰਿਸ਼ਤੇਦਾਰੀਆਂ ਅਤੇ ਬਾਹਰ ਵੀ ਹੁੰਦੇ ਹਨ, ਅੱਗ ਲਾਈ ਡੱਬੂ ਕੰਧ 'ਤੇ, ਗ਼ਰੀਬਾਂ ਦਾ ਕਬਾੜਾ ਦੂਜੇ ਘਰ ਲੱਗੀ ਅੱਗ ਬਸੰਤਰ ਦਿਸਦੀ ਹੈ, ਸਹਿਜਤਾ ਤੇ ਸ਼ਹਿਨਸ਼ੀਲਤਾ ਪਰ ਲਾ ਕੇ ਉਡ ਗਈ, ਵਿਰਾਸਤ ਦਾ ਮੋਹ ਪ੍ਰਵਾਸ ਵਿੱਚ ਜ਼ਿਆਦਾ ਹੁੰਦੈ, ਜ਼ਿਆਦਾ ਖੁਲ੍ਹਦਿਲੀ ਨੁਕਸਾਨ ਕਰਦੀ ਹੈ ਅਤੇ ਦਿੱਲੀ ਦੇ ਹਾਕਮ ਨਿਰਮੋਹੀ ਸਾਬਤ ਹੁੰਦੇ ਹਨ। ਗੀਤਾਂ ਅਤੇ ਕੁਝ ਗ਼ਜ਼ਲਾਂ ਵਿੱਚ ਰੋਮਾਂਸਵਾਦ ਦੀ ਝਲਕ ਵੀ ਪੈਂਦੀ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਸਿੰਘ ਸੋਢੀ ਨੇ ਆਪਣੀਆਂ ਰਚਨਾਵਾਂ ਵਿੱਚ ਲੋਕਾਈ ਦੇ ਦਰਦ ਨੂੰ ਪ੍ਰਗਟਾਇਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਆਪਣੀਆਂ ਵਾਰਤਕ ਦੀਆਂ ਪੁਸਤਕਾਂ ਦੀ ਤਰ੍ਹਾਂ ਕਾਵਿਕ ਰੂਪ ਵਿੱਚ ਵੀ ਲੋਕਾਂ ਦੇ ਹੱਕਾਂ ਦੀ ਪ੍ਰਤੀਨਿਧਤਾ ਕੀਤੀ ਹੈ। 80 ਪੰਨਿਆਂ, 130 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ' ਜੇ.ਪੀ.ਪਬਲੀਕੇਸ਼ਨ ਘਲੌਂੜੀ ਗੇਟ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਰਵਿੰਦਰ ਸਿੰਘ ਸੋਢੀ : 0016043692371

## ਪਛਾਣ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਉਸ ਸੰਸਥਾ ਦੀ ਬਿਲਡਿੰਗ ਬਹੁਤ ਵੱਡੀ ਸੀ ਤੇ ਅੰਦਰ ਕਾਰ ਸਮੇਤ ਜਾਣ ਲਈ ਗੇਟ ਪਾਸ ਬਣਵਾਉਣਾ ਪੈਂਦਾ ਸੀ। ਸੰਸਥਾ ਦੇ ਬਹੁਤ ਸਾਰੇ ਦਫ਼ਤਰ, ਅੰਦਰ ਹੀ ਅੱਡ ਅੱਡ ਥਾਂਵਾਂ ਤੇ ਸਨ। ਗੇਟ ਪਾਸ ਬਣਵਾਉਣ ਲਈ ਸ਼ਨਾਖਤੀ ਕਾਰਡ ਦਾ ਹੋਣਾ ਜ਼ਰੂਰੀ ਸੀ। ਨਹੀਂ ਤਾਂ ਪੈਦਲ ਜਾਣਾ ਪੈਂਦਾ ਤੇ ਕਾਰ ਨੂੰ ਮੁੱਖ ਦਰਵਾਜ਼ੇ ਤੇ ਬਣੀ ਪਾਰਕਿੰਗ ਵਿੱਚ ਖੜ੍ਹਾਉਣਾ ਪੈਂਦਾ। ਬਿਨਾਂ ਆਪਣੀ ਵੀਕਲ ਤੋਂ ਇੱਕ ਤੋਂ ਦੂਜੇ ਦਫ਼ਤਰ ਜਾਣਾ ਬੜਾ ਔਖਾ ਸੀ ਤੇ ਸਮਾਂ ਵੀ ਬਹੁਤ ਲੱਗਦਾ। ਮੈਂ ਉਸ ਸੰਸਥਾ ਤੋਂ ਕਈ ਸਾਲ ਪਹਿਲਾਂ ਸੇਵਾਮੁਕਤ ਹੋ ਚੁੱਕਾ ਸਾਂ ਤੇ ਮੇਰੇ ਕੋਲ ਸੇਵਾਮੁਕਤ ਹੋਣ ਤੋਂ ਬਾਦ ਦਾ ਪਛਾਣ ਪੱਤਰ ਮੌਜੂਦ ਸੀ। ਮੈਨੂੰ ਅਕਸਰ ਕੋਈ ਨਾ ਕੋਈ ਕੰਮ ਉਸ ਸੰਸਥਾ ਦੇ ਦਫ਼ਤਰਾਂ ਤੱਕ ਜ਼ਰੂਰ ਰਹਿੰਦਾ। ਇਸ ਲਈ ਗੇਟ ਤੋਂ ਪਾਸ ਬਣਵਾ ਕੇ ਅੰਦਰ ਕਾਰ ਸਮੇਤ ਚਲਾ ਜਾਂਦਾ ਤੇ ਵਾਪਸੀ ਸਮੇਂ ਸੁਰੱਖਿਆ ਕਰਮਚਾਰੀ ਨੂੰ ਉਹ ਗੇਟ ਪਾਸ ਸੌਂਪ ਦਿੰਦਾ। ਇੱਕ ਵਾਰ ਮੈਨੂੰ ਹਫ਼ਤਾ ਭਰ ਉੱਥੇ ਜਾਣਾ ਪਿਆ। ਗੇਟ ਪਾਸ ਬਣਾਉਣ ਵਾਲਾ ਕਰਮਚਾਰੀ ਮੈਨੂੰ ਜਾਣਨ ਲੱਗ ਪਿਆ ਸੀ। ਇੱਕ ਦਿਨ ਕਾਹਲੀ ਵਿੱਚ ਮੈਂ ਪਛਾਣ ਪੱਤਰ ਘਰੇ ਭੁੱਲ ਗਿਆ, ਗੇਟ ਕਰਮਚਾਰੀ ਨੂੰ ਆਪਣੀ ਸਮੱਸਿਆ ਦੱਸੀ ਤੇ ਪਾਸ ਬਣਾਉਣ ਲਈ ਕਿਹਾ। ਪਰ ਉਹਨੇ ਬਿਨਾਂ ਪਛਾਣ ਪੱਤਰ ਗੇਟ ਪਾਸ ਬਣਾਉਣ ਤੋਂ ਹੱਥ ਖੜ੍ਹੇ ਕਰ ਦਿੱਤਾ। ਉਹ ਇਸ ਗੱਲ ਤੇ ਬਜ਼ਿਦ ਸੀ "ਠੀਕ ਹੈ, ਮੈਂ ਤੁਹਾਨੂੰ ਜਾਣਦਾ ਹਾਂ ਤੇ ਤੁਸੀਂ ਪਿਛਲੇ ਕਈ ਦਿਨਾਂ ਤੋਂ ਏਥੇ ਆ ਰਹੇ ਹੋ ਪਰ ਬਿਨਾਂ ਸ਼ਨਾਖਤੀ ਕਾਰਡ ਤੋਂ ਮੈਂ ਮਜਬੂਰ ਹਾਂ।" ਮੈਨੂੰ ਜਾਪਿਆ ਕਿ ਮੇਰੀ ਹੋਂਦ ਤਾਂ ਪਛਾਣ ਪੱਤਰ ਕਰਕੇ ਹੀ ਹੈ, ਮੇਰੀ ਆਪਣੀ ਕੋਈ ਪਛਾਣ ਹੀ ਨਹੀਂ ਹੈ...।